This question paper contains 2 printed pages]

**Roll No.** | | | | | | | | | | | |

S. No. of Question Paper : **253**

Unique Paper Code : **212156** **D**

Name of the Paper : **Punjabi Language 'C' (Basic) I**

Name of the Course : **B.A. (Programme) Punjabi**

Semester : **I**

Duration : **3 Hours** Maximum Marks : **75**

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. 'ਨਿਮੋਲੀਆਂ' ਪੁਸਤਕ ਵਿਚ ਪੇਸ਼ ਮਿੰਨੀ-ਕਹਾਣੀਆਂ ਦੇ ਵਿਸ਼ੇ ਪੱਖ ਉਪਰ ਚਰਚਾ ਕਰੋ। 10

ਜਾਂ

''ਨਿਮੋਲੀਆਂ' ਪੁਸਤਕ 'ਚੋਂ ਕਿਹੜੀਆਂ ਤੁਹਾਨੂੰ ਸਭ ਤੋਂ ਵੱਧ ਚੰਗੀ ਲੱਗੀ ਹੈ ਤੇ ਕਿਉਂ? ਚਰਚਾ ਕਰੋ।

2. ਹੇਠ ਲਿਖੀਆਂ ਮਿੰਨੀ-ਕਹਾਣੀਆਂ ਵਿਚੋਂ ਕਿਸੇ ਦੋ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ: 15
ਰਿਸ਼ਤੇ ਨਾਤੇ, ਮੰਗਤਾ, ਗਿਫ਼ਟ, ਬਿਮਾਰ, ਕਰਾਮਾਤ

3. 'ਕੱਟੀ ਹੋਈ ਬਾਂਹ' ਨਾਟਕ ਦੇ ਵਿਸ਼ੇ-ਵਸਤੂ ਬਾਰੇ ਚਰਚਾ ਕਰੋ। 15

ਜਾਂ

'ਕੱਟੀ ਹੋਈ ਬਾਂਹ' ਨਾਟਕ ਦੇ ਕਥਾਨਕ ਨੂੰ ਚਰਚਾ ਦਾ ਵਿਸ਼ਾ ਬਣਾਉ।

4. ਹੇਠ ਲਿਖੇ ਪਾਤਰਾਂ ਵਿਚੋਂ ਕਿਸੇ ਦੋ ਦਾ ਪਾਤਰ ਚਿਤਰਣ ਕਰੋ :
ਪੰਡਿਤ, ਗ਼ਫ਼ੂਰ, ਸ਼ਫ਼ੀਕ, ਸ਼ੰਭੂ 10

5. ਹੇਠ ਲਿਖੇ ਸ਼ਬਦਾਂ ਵਿਚੋਂ ਕੋਈ ਪੰਜ ਸ਼ਰਦਾਂ ਨੂੰ ਸ਼ੁੱਧ ਕਰ ਕੇ ਲਿਖੋ : 5
ਸੂਦਾਰ, ਪਯਾਰ, ਅੰਮ੍ਰਿਤਸਿਰ, ਵਯਾਕਰਨ, ਸਮਾਜ, ਸ਼ੈਹਰ, ਸੁੰਦਰ

6. ਹੇਠ ਦਿੱਤੇ ਸ਼ਬਦਾਂ ਵਿਚੋਂ ਕੋਈ ਪੰਜ ਦੇ ਸਮਾਨਾਰਥਕ ਸ਼ਬਦ ਲਿਖੋ : 5
ਪ੍ਰਕਾਸ਼, ਪ੍ਰਸ਼ੰਸਾ, ਈਰਖਾ, ਅਮਨ, ਪਿਆਰ, ਅੱਖ, ਆਕਾਸ਼

7. ਪੰਜਾਬੀ ਭਾਸ਼ਾ ਦੀਆਂ ਲਗਾਂ ਤੇ ਲਗਾਖਰਾਂ ਦੇ ਚਿੰਨ੍ਹ ਬਣਾ ਕੇ, ਉਨ੍ਹਾਂ ਦੇ ਨਾਂ ਲਿਖੋ। 5

8. ਹੇਠ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਜਵਾਬ ਦਿਉ। 10
''ਸਮਾਂ ਕਦੇ ਰੁਕਦਾ ਨਹੀਂ। ਇਹ ਨਿੱਤ ਆਪਣੀ ਚਾਲ ਚਲਦਾ ਰਹਿੰਦਾ ਹੈ। ਇਕ ਵਾਰ ਬੀਤਿਆ ਸਮਾਂ ਮੁੜ ਹੱਥ ਨਹੀਂ ਆਉਂਦਾ। ਜੀਵਨ ਵਿਚ ਸਮੇਂ ਦੀ ਕਦਰ ਕਰਨ ਵਾਲ ਵਿਅਕਤੀ, ਸਫ਼ਲਤਾ ਦੀ ਟੀਸੀ ਉੱਤੇ ਪੁੱਜਦਾ ਹੈ। ਸਮੇਂ ਨੂੰ ਵਿਹਲਿਆਂ ਰਹਿ ਕੇ ਜਾਂ ਵਿਅਰਥ ਕੰਮਾਂ ਵਿਚ ਬਤੀਤ ਕਰਨ ਵਾਲਾ (ਵਿਅਕਤੀ) ਹੱਥ ਮਲਦਾ ਹੀ ਰਹਿ ਜਾਂਦਾ ਹੈ। ਵਾਸਤਵ ਵਿਚ ਇਕ ਵਿਅਕਤੀ ਦੀ ਉਮਰ ਦਾ ਉੱਨਾ ਸਮਾਂ ਹੀ ਸਕਾਰਥਾ ਗਿਣਨਾ ਚਾਹੀਦਾ ਹੈ ਜਿਹੜਾ ਉਸ ਨੇ ਭਲੇ ਕੰਮਾਂ ਵਿਚ ਬਿਤਾਇਆ ਹੁੰਦਾ ਹੈ। ਸਮੇਂ ਦੀ ਯੋਗ ਜਾਂ ਅਯੋਗ ਵਰਤੋਂ ਹੀ ਮਨੁੱਖ ਨੂੰ ਉੱਚਾ ਚੁੱਕਦੀ ਜਾਂ ਡੇਗਦੀ ਹੈ। ਜਦੋਂ ਭਾਰਤੀਆਂ ਨੇ ਸਮੇਂ ਦੀ ਨਬਜ਼ ਨੂੰ ਪਛਾਣ ਕੇ, ਇਕ ਮੁੱਠ ਹੋ, ਅੰਗਰੇਜ਼ਾ ਦਾ ਟਾਕਰਾ ਕੀਤਾ ਤਾਂ ਉਨ੍ਹਾਂ ਨੂੰ ਸੁਤੰਤਰਤਾ ਦੀ ਪ੍ਰਾਪਤੀ

ਹੋਈ, ਨਹੀਂ ਤਾਂ ਉਹ ਹਾਲਾਂ ਵੀ ਗ਼ੁਲਾਮੀ ਦੀ ਚੱਕੀ ਝੋਅ ਰਹੇ ਹੁੰਦੇ। ਕੰਨੀ ਖਿਸਕਾਈ ਜਾ ਰਹੇ ਸਮੇਂ ਦੀ ਕਦਰ ਕਰਨ ਦੀ ਚਿਤਾਵਨੀ, ਭਾਈ ਵੀਰ ਸਿੰਘ ਇਨ੍ਹਾਂ ਸ਼ਬਦਾਂ ਵਿਚ ਦੇਂਦੇ ਹਨ :

ਹੋ ! ਅਜ ਸੰਭਾਲ ਇਸ ਸਮੇਂ ਨੂੰ
ਕਰ ਸਫ਼ਲ ਉਡੱਦਾ ਜਾਂਵਦਾ
ਇਹ ਠਹਿਰਨ ਜਾਚ ਨਾ ਜਾਣਦਾ
ਲੰਘ ਗਿਆ ਨਾ ਮੁੜ ਕੇ ਆਂਵਦਾ। ''

1) ਇਸ ਪੈਰ੍ਹੇ ਲਈ ਢੁੱਕਵਾਂ ਸਿਰਲੇਖ ਲਿਖੋ।
2) ਜੀਵਨ ਵਿਚ ਸਫਲਤਾ ਕਿਸਨੂੰ ਮਿਲਦੀ ਹੈ?
3) 'ਗ਼ੁਲਾਮੀ' ਅਤੇ 'ਸੁਤੰਤਰਤਾ ਸ਼ਬਦਾਂ ਦੇ ਕੀ ਅਰਥ ਹਨ?
4) ਰਚਨਾ ਵਿਚ ਪੇਸ਼ ਕਾਵਿ-ਬੰਦ ਤੋਂ ਤੁਸੀਂ ਕੀ ਭਾਵ ਲੈਂਦੇ ਹੋ?
5) ਇਸ ਪੈਰ੍ਹੇ ਤੋਂ ਸਾਨੂੰ ਕੀ ਸੁਨੇਹਾ ਮਿਲਦਾ ਹੈ?